# Factsheet CAT07
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ 7: ਅਫ਼ਸਰ ਦੁਆਰਾ ਕੀਤਾ ਗਿਆ ਕੰਮ

Punjabi | ਪੰਜਾਬੀ

ਇੱਕ ਅਫ਼ਸਰ ਦੁਆਰਾ ਕੀਤੇ ਗਏ ਕੰਮ ਨੂੰ, ਜਿਵੇਂ ਕਿ *ਚਿਲਡਰਨ ਐਂਡ ਕਮਿਊਨਿਟੀ ਸਰਵਿਸਿਜ਼ ਐਕਟ 2004* ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਉਸ ਐਕਟ ਦੇ ਅਧੀਨ ਅਫ਼ਸਰ ਨੂੰ ਦਿੱਤਾ ਗਿਆ ਕੰਮ ਹੈ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਂਦੀਆਂ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ (usual duties)** ਵਿੱਚ **ਬੱਚੇ (child)** ਨਾਲ **ਸੰਪਰਕ (contact)** ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਕਮਿਊਨਿਟੀਜ਼ ਵਿਭਾਗ ਦੇ
    - ਅਫ਼ਸਰ
    - ਕੰਟਰੈਕਟ ਵਰਕਰ (ਠੇਕੇਦਾਰੀ ਕਾਮੇ)
    - **ਵਲੰਟੀਅਰ (volunteers)**
    - **ਵਿਦਿਆਰਥੀ (students)**

  ਜੋ ਬੱਚਿਆਂ ਅਤੇ ਪਰਿਵਾਰਾਂ ਨੂੰ ਸੁਰੱਖਿਆ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਹਨ।

## ਛੋਟਾਂ

ਇਸ ਸ਼੍ਰੇਣੀ 'ਤੇ ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- 18 ਸਾਲ ਤੋਂ ਘੱਟ ਉਮਰ ਦੇ ਬਾਲ ਵਲੰਟੀਅਰ

- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ ਵਿਦਿਆਰਥੀ
- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।